March

# ਕਲਾ ਦੇ ਝਰੋਖੇ ਤੋਂ

**ਟਾਡਾ ਨਹੀਂ, ਟਾਡਾ ਨਹੀਂ**

ਫਿਲਮ ਕਲਾਕਾਰਾਂ ਦੇ ਹਰ ਇਕੱਠ ਵਿਚ ਸੰਜੇ ਦੱਤ ਦੀ ਗੈਰਹਾਜ਼ਰੀ ਬੜੀ ਸ਼ਿੱਦਤ ਨਾਲ ਮਹਿਸੂਸ ਕੀਤੀ ਜਾ ਰਹੀ ਹੈ, ਜੋ ਟਾਡਾ ਐਕਟ ਦੇ ਥੱਲੇਂ ਜੇਲ੍ਹ ਵਿਚ ਹੈ। ਟਾਡਾ ਐਕਟ ਦੀ ਸਾਰਿਆਂ ਨਾਲੋਂ ਇਨਸਾਨ ਵਿਰੋਧੀ ਧਾਰਾ ਇਹ ਹੈ ਕਿ ਇਸ ਵਿਚ ਪੁਲੀਸ ਦੀ ਕਿਸੇ ਵੀ ਕਾਰਵਾਈ ਦੀ ਦਾਦ ਫਰਿਆਦ ਨਹੀਂ ਹੋ ਸਕਦੀ। ਇਸੇ ਟਾਡਾ ਬਾਰੇ ਸੁਨੀਲ ਦੱਤ ਦੀ ਅਖਬਾਰਾਂ ਨੂੰ ਦਿੱਤੀ ਵਿਸ਼ੇਸ਼ ਇੰਟਰਵਿਊ ਇਕ ਇਤਿਹਾਸਕ ਦਸਤਾਵੇਜ਼ ਕਹੀ ਜਾ ਸਕਦੀ ਹੈ। ਇਸ ਇੰਟਰਵਿਊ ਦੇ ਕੁਝ ਅੰਸ਼ਾਂ ਦਾ ਜ਼ਿਕਰ ਕਰਨਾ ਬੜਾ ਜ਼ਰੂਰੀ ਹੈ, ਕਿਉਂਕਿ ਇਹ ਦੇਸ਼ ਵਿਚ ਚਲ ਰਹੇ ਵਰਤਾਰੇ ਬਾਰੇ ਬੜੀਆਂ ਸਾਰਥਿਕ ਟਿੱਪਣੀਆਂ ਹਨ। ਸੁਨੀਲ ਦੱਤ ਦੇ ਅਨੁਸਾਰ, "ਟਾਡਾ ਇਕ ਕੈਂਸਰ ਹੈ, ਜੋ ਇਨਸਾਨੀਅਤ ਅਤੇ ਮਨੁੱਖ ਦੇ ਬੁਨਿਆਦੀ ਹੱਕਾਂ ਨੂੰ ਹੌਲੀ ਹੌਲੀ ਖਾਈ ਜਾ ਰਿਹਾ ਹੈ। ਟਾਡਾ ਥੱਲੇ ਗ੍ਰਿਫਤਾਰ ਕੀਤਾ ਵਿਅਕਤੀ ਦੇਸ਼-ਧਰੋਹੀ ਕਰਾਰ ਦਿੱਤਾ ਜਾਂਦਾ ਹੈ। ਕੌਣ ਦੇਸ਼-ਧਰੋਹੀ ਹੈ? ਇਸ ਦਾ ਫੈਸਲਾ ਪੁਲੀਸ ਕਰਦੀ ਹੈ। ਪੁਲੀਸ ਇਕਬਾਲੀਆ ਬਿਆਨਾਂ 'ਤੇ ਆਧਾਰਤ ਪ੍ਰੈਸ ਰਿਲੀਜ਼ ਦਿੰਦੀ ਹੈ। ਪ੍ਰੈਸ ਉਸ ਨੂੰ ਚੁੱਕ ਲੈਂਦਾ ਹੈ। ਉਸ ਦੇ ਬਾਰੇ ਕਿੰਤੂ ਨਹੀਂ ਕੀਤਾ ਜਾ ਸਕਦਾ। ਕਿੰਤੂ ਕਰਨ ਵਾਲਾ ਵੀ ਟਾਡਾ ਅਧੀਨ ਜੇਲ੍ਹ ਵਿਚ ਸੁੱਟਿਆ ਜਾ ਸਕਦਾ ਹੈ। ਇਹ ਇਕਬਾਲੀਆ ਬਿਆਨ ਕਿਸ ਤਰ੍ਹਾਂ ਲਏ ਜਾਂਦੇ ਹਨ? ਇਹ ਕਿਸੇ ਕੋਲੋਂ ਗੁੱਝਿਆ ਨਹੀਂ ਹੋਇਆ।

ਇਹ ਤੁਹਾਡੇ ਜ਼ਿੰਮੇ ਹੈ ਕਿ ਤੁਸੀਂ ਸਾਬਤ ਕਰੋ ਕਿ ਤੁਸੀਂ ਬੇਗੁਨਾਹ ਹੋ। ਇਹ ਤੁਸੀਂ ਕਿਸ ਤਰ੍ਹਾਂ ਕਰ ਸਕਦੇ ਹੋ? ਤੁਸੀਂ ਤਾਂ ਜੇਲ੍ਹ ਵਿਚ ਹੋ। ਪੁਲੀਸ ਜਿਵੇਂ ਮਰਜ਼ੀ ਚਾਹੇ ਗਵਾਹ ਖੜ੍ਹੇ ਕਰ ਸਕਦੀ ਹੈ। ਮੈਂ ਜਿਸ ਨੇ ਗੋਲੀਆਂ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਪੰਜਾਬ ਵਿਚ ਅਮਨ ਮਾਰਚ ਕੀਤਾ ਪਰ ਅੱਜ ਮੈਂ ਡਰਿਆ ਹੋਇਆ ਹਾਂ ਕਿਉਂਕਿ ਜੇ ਮੈਂ ਮੂੰਹ ਖੋਲ੍ਹਿਆ ਤਾਂ ਮੈਂ ਵੀ ਪੁਲੀਸ ਦੇ ਗੁੱਸੇ ਦਾ ਸ਼ਿਕਾਰ ਹੋ ਸਕਦਾ ਹਾਂ। ਮੈਂ ਮਹਿਸੂਸ ਕਰਦਾ ਹਾਂ ਕਿ ਮੇਰੀ ਇੱਜ਼ਤ ਅਤੇ ਅਣਖ ਮਿੱਟੀ ਵਿਚ ਮਿਲਾ ਦਿੱਤੀ ਗਈ ਹੈ। ਅਸੀਂ ਕਿਸੇ ਕੁੱਤੇ ਜਾਂ ਬਿੱਲੀ ਦੇ ਗੁਣਾਂ ਬਾਰੇ ਫੈਸਲਾ ਕਰਨਾ ਹੋਵੇ ਤਾਂ ਪਰਖਦੇ ਹਾਂ ਕਿ ਉਹ ਕਿਸ ਨਸਲ ਦਾ ਹੈ। ਮੈਂ ਸਮਝਦਾ ਹਾਂ ਕਿ ਮੇਰੇ ਪੁੱਤਰ ਨੂੰ ਦੋਸ਼ੀ ਠਹਿਰਾਉਣ ਵਾਲਿਆਂ ਨੇ ਇਸ ਗੱਲ ਦਾ ਅਹਿਸਾਸ ਨਹੀਂ ਕੀਤਾ ਕਿ ਮੈਂ ਉਸ ਦਾ ਬਾਪ ਹਾਂ, ਉਹ ਨਰਗਸ ਵਰਗੀ ਮਾਂ ਦਾ ਪੁੱਤਰ ਹੈ। ਅੱਜ ਪ੍ਰੈਸ ਦੀ ਇਕ ਧਿਰ ਵਲੋਂ ਇਹ ਗੱਲ ਉਭਾਰੀ ਜਾ ਰਹੀ ਹੈ ਕਿ ਉਹ ਇਕ ਮੁਸਲਮਾਨ ਮਾਂ ਦਾ ਬੇਟਾ ਹੈ, ਅਸਿੱਧੇ ਤੌਰ 'ਤੇ ਇਹ ਸਾਬਤ ਕਰਨ ਲਈ ਕਿ ਇਸ ਦੇਸ਼ ਵਿਚ ਰਹਿ ਰਹੇ ਮੁਸਲਮਾਨ ਦੇਸ਼-ਧਰੋਹੀ ਹਨ। ਇਹ ਖਤਰਨਾਕ ਸੋਚ ਦੇਸ਼ ਦਾ ਕਿੰਨਾ ਕੁ ਨੁਕਸਾਨ ਕਰ ਸਕਦੀ ਹੈ, ਇਸ ਦੀ ਕਲਪਨਾ ਤੋਂ ਹੀ ਬੰਦਾ ਕੰਬ ਜਾਂਦਾ ਹੈ। ਇਹ ਕੋਈ ਵੋਟਾਂ ਦਾ ਮਾਮਲਾ ਨਹੀਂ, ਸਗੋਂ ਮਨੁੱਖ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਦਾ ਮਾਮਲਾ ਹੈ। ਦੇਸ਼ ਦੇ ਕਰੋੜਾਂ ਲੋਕਾਂ ਦੀ ਕਿਸਮਤ ਦਾ ਫੈਸਲਾ ਇਸ ਸੋਚ 'ਤੇ ਨਿਰਭਰ ਹੈ। ਮੈਂ ਹਕੂਮਤੀ ਪਾਰਟੀ ਦਾ ਚੁਣਿਆ ਹੋਇਆ ਮੈਂਬਰ ਪਾਰਲੀਮੈਂਟ ਹਾਂ। ਮੇਰੇ ਨਾਲ ਜਾਂ ਮੇਰੇ ਪੁੱਤਰ ਨਾਲ ਜੋ ਸਲੂਕ ਕੀਤਾ ਗਿਆ ਹੈ, ਮੈਂ ਆਪਣੇ ਆਪ ਵਿਚ ਸ਼ਰਮਸਾਰ ਮਹਿਸੂਸ ਕਰ ਰਿਹਾ ਹਾਂ ਕਿ ਮੈਂ ਮੈਂਬਰ ਪਾਰਲੀਮੈਂਟ ਹਾਂ। ਮੈਂ ਜ਼ੁਬਾਨ ਬੰਦ ਰੱਖਣ 'ਤੇ ਮਜਬੂਰ ਹਾਂ। ਤੁਸੀਂ ਕਹਿ ਸਕਦੇ ਹੋ ਕਿ ਮੈਂ ਜ਼ੁਬਾਨ ਬੰਦ ਰੱਖ ਕੇ ਉਨ੍ਹਾਂ ਦੇ ਹਿਤਾਂ ਦੀ ਸੇਵਾ ਕਰ ਰਿਹਾ ਹਾਂ ਜੋ ਚਾਹੁੰਦੇ ਹਨ ਕਿ ਮੇਰੀ ਜ਼ੁਬਾਨ ਬੰਦ ਰਹੇ। ਮੈਨੂੰ ਇਸ ਬਾਰੇ ਚਿੰਤਾ ਹੈ ਪਰ ਤੁਸੀਂ ਇਹ ਵੀ ਸੋਚੋ ਕਿ ਮੈਂ ਵੀ ਇਕ ਇਨਸਾਨ ਹਾਂ। ਮੇਰੀਆਂ ਵੀ ਕਮਜ਼ੋਰੀਆਂ ਹਨ। ਸੰਜੇ ਮੇਰਾ ਇਕੋ ਇਕ ਪੁੱਤਰ ਹੈ। ਉਸ ਦੀ ਮਾਂ ਇਸ ਦੁਨੀਆਂ ਵਿਚ ਨਹੀਂ। ਉਹ ਨਸ਼ੇ ਦਾ ਸ਼ਿਕਾਰ ਰਿਹਾ ਹੈ। ਉਸ ਨੇ ਬੜੀ ਤਕਲੀਫ ਪਾਈ ਹੈ। ਉਸ ਦਾ ਵਿਆਹ ਵੀ ਸੁਖਦਾਇਕ ਨਹੀਂ ਸੀ। ਹੁਣ ਜਦੋਂ ਕਿ ਉਸ ਨੇ ਆਪਣੀਆਂ ਕਮਜ਼ੋਰੀਆਂ 'ਤੇ ਕਾਬੂ ਪਾ ਲਿਆ ਸੀ ਇਕ ਚੋਟੀ ਦਾ ਐਕਟਰ ਬਣ ਚੁੱਕਿਆ ਸੀ। ਉਹ ਇਕ ਹੋਰ ਮੁਸੀਬਤ ਵਿਚ ਫਸ ਗਿਆ ਹੈ। ਮੈਂ ਜਦੋਂ ਸਭ ਕੁਝ ਬਾਰੇ ਸੋਚਦਾ ਹਾਂ ਤਾਂ ਮੈਂ ਬੇਹਿੰਮਤਾ ਹੋ ਜਾਂਦਾ ਹਾਂ।

ਸੁਨੀਲ ਦੱਤ ਦੀ ਇਹ ਇੰਟਰਵਿਊ ਸਾਬਤ ਕਰਦੀ ਹੈ ਕਿ ਕਲਾਕਾਰ ਦੇ ਜਜ਼ਬਿਆਂ ਵਿਚ ਕਿੰਨੀ ਸ਼ਿੱਦਤ ਹੁੰਦੀ ਹੈ। ਕਲਾਕਾਰ ਜੇ ਆਪਣੀ ਜ਼ਮੀਰ ਦੀ ਆਵਾਜ਼ ਸੁਣਦੇ ਹੋਏ ਸਮਾਜ ਦੇ ਹੋਰ ਕੈਂਸਰਾਂ ਬਾਰੇ ਵੀ ਖੁੱਲ੍ਹ ਕੇ ਬੋਲਣ ਤਾਂ ਦੇਸ਼ ਵਿਚ ਬਹੁਤ ਜੋ ਕੁਝ ਗਲਤ ਹੈ ਤਾਂ ਉਹ ਠੀਕ ਕੀਤਾ ਜਾ ਸਕਦਾ ਹੈ। ਕਲਾਕਾਰ ਦੀ ਹਰ ਸਮੇਂ ਸਮਾਜ ਵੱਲ ਇਕ ਜ਼ਿੰਮੇਵਾਰੀ ਹੁੰਦੀ ਹੈ।

**ਸਾਹਿਤਕ ਸਮਾਗਮ ਲੋਕਪ੍ਰਿਯ ਹਨ**

ਚੰਡੀਗੜ੍ਹ ਗੁਲਾਬ ਮੇਲੇ 'ਤੇ ਇਕ ਇੰਡੋ-ਪਾਕਿ ਮੁਸ਼ਾਇਰਾ ਕੀਤਾ ਗਿਆ। ਇਸ ਵਿਚ ਹਿੰਦ ਅਤੇ ਪਾਕਿ ਦੇ ਨਾਮਵਰ ਸ਼ਾਇਰਾਂ ਨੇ ਹਿੱਸਾ ਲਿਆ। ਇਸ ਮੌਕੇ 'ਤੇ ਭਾਰਗਵਾ ਆਡੀਟੋਰੀਅਮ ਖਚਾਖਚ ਭਰਿਆ ਹੋਇਆ ਸੀ। ਸ਼ਾਇਰਾਂ ਦੇ ਕਲਾਮ ਨੇ ਭਰਪੂਰ ਪ੍ਰਸੰਸਾ ਜਿੱਤੀ। ਇਸੇ ਤਰ੍ਹਾਂ ਇਕ ਖਬਰ ਗੁਰੂਸਰ ਸੁਧਾਰ ਦੇ ਕਾਲਜ ਵਿਚ ਹੋਏ ਕਵੀ ਦਰਬਾਰ ਦੀ ਵੀ ਹੈ। ਪੰਜਾਬੀ ਦੇ ਨਾਮਵਰ ਕਵੀਆਂ ਨੇ ਉਸ ਦੇ ਵਿਚ ਹਿੱਸਾ ਲਿਆ। ਇਸ ਕਵੀ ਦਰਬਾਰ 'ਤੇ ਵੀ ਹਾਜ਼ਰੀ ਬੜੀ ਭਰਵੀਂ ਸੀ। ਕਵੀਆਂ ਦੀ ਕਵਿਤਾ ਨੂੰ ਬਹੁਤ ਵੱਡਾ ਹੁੰਗਾਰਾ ਮਿਲਿਆ। ਪਿੰਡਾਂ ਅਤੇ ਸ਼ਹਿਰਾਂ ਦੀਆਂ ਸਭਿਆਚਾਰਕ ਸੰਸਥਾਵਾਂ ਨੂੰ ਇਸ ਗੱਲ ਵੱਲ ਧਿਆਨ ਕਰਨਾ ਹੈ ਕਿ ਸਭਿਆਚਾਰਕ ਪ੍ਰੋਗਰਾਮ ਸਿਰਫ ਗੀਤਾਂ ਅਤੇ ਨਾਟਕਾਂ ਦੇ ਹੀ ਨਹੀਂ ਹੁੰਦੇ ਸਗੋਂ ਸਾਹਿਤਕ ਸਮਾਗਮ ਵੀ ਬੜੀ ਸਫਲਤਾ ਨਾਲ ਕੀਤੇ ਜਾ ਸਕਦੇ ਹਨ।

**ਇਕ ਸਭਿਆਚਾਰਕ ਲਤੀਫਾ**

ਇਕ ਸਭਿਆਚਾਰਕ ਸਮਾਗਮ ਦੀ ਖਬਰ ਅਖਬਾਰ ਵਿਚ ਆਈ ਹੈ। ਬੜਾ ਸ਼ਾਨਦਾਰ ਸਭਿਆਚਾਰਕ ਪ੍ਰੋਗਰਾਮ ਹੋਇਆ। ਕਲਾਕਾਰਾਂ ਨੇ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਿਤ ਗੀਤ 'ਰਾਤ ਹਨੇਰੀ ਸੱਪ ਸ਼ੂਕਦੇ' ਗਾ ਕੇ ਵਾਹਵਾ ਖੱਟੀ। 'ਫਿਰ ਗੁੱਤ ਖਹਿੰਦੀ ਗਿੱਟਿਆਂ ਦੇ ਨਾਲ' ਅਤੇ 'ਛੜਿਆਂ ਦੀ ਢਾਣੀ ਵਿਚ ਪੱਤਾ ਕੱਟਿਆ ਗਿਆ।' ਆਦਿ ਗਾ ਕੇ ਸਰੋਤਿਆਂ ਨੂੰ ਖੁਸ਼ ਕੀਤਾ। ਪੰਜਾਬ ਦੇ ਸਭਿਆਚਾਰ ਵਿਚ ਗੁਰੂ ਗੋਬਿੰਦ ਸਿੰਘ, ਗਿੱਟਿਆਂ ਨਾਲ ਛੂਹਦੀਆਂ ਗੁੱਤਾਂ ਅਤੇ ਛੜਿਆਂ ਦੀ ਢਾਣੀ ਸਭ ਇਕੋ ਹੋ ਗਏ ਹਨ। ਇਹ ਲਤੀਫਾ ਵੀ ਹੈ ਤੇ ਫਿਕਰ ਵਾਲੀ ਗੱਲ ਵੀ ਹੈ।

**ਗੁਰਸ਼ਰਨ ਸਿੰਘ**

19-3-1995